

HERA
housing and economic rights advocates



# ਰਹਿਣਯੋਗਤਾ 103: ਕਿਰਾਏਦਾਰ ਅਤੇ ਮਕਾਨਮਾਲਕ ਦੀਆਂ ਜ਼ਿੰਮੇਵਾਰੀਆਂ

## ਮਕਾਨਮਾਲਕ ਦੀਆਂ ਜ਼ਿੰਮੇਵਾਰੀਆਂ

**ਕੈਲੀਫੋਰਨੀਆ ਸਿਵਲ ਕੋਡ ਸ਼ੈਕਸ਼ਨਾਂ 1941.1 ਅਤੇ 1941.3 ਦੀ ਤਾਮੀਲ ਕਰਦੇ ਹੋਏ, ਮਕਾਨ ਮਾਲਕ ਵੱਲੋਂ ਇਹ ਯਕੀਨੀ ਬਣਾਇਆ ਜਾਣਾ ਲੋੜੀਂਦਾ ਹੈ ਕਿ ਕਿਰਾਏ 'ਤੇ ਲੈਣ ਵਾਲੇ ਯੂਨਿਟ ਵਿੱਚ ਨਿਮਨਲਿਖਤ ਚੀਜ਼ਾਂ ਹੋਣ:**

- ਛੱਤ, ਕੰਧਾਂ, ਖਿੜਕੀਆਂ ਅਤੇ ਦਰਵਾਜਿਆਂ ਦੀ ਅਸਰਦਾਰ ਵਾਟਰਪਰੂਫਿੰਗ ਅਤੇ ਮੌਸਮ ਤੋਂ ਸੁਰੱਖਿਆ
- ਪਲੰਬਿੰਗ ਜਾਂ ਗੈਸ ਸੁਵਿਧਾਵਾਂ ਵਧੀਆ ਕੰਮਕਾਜ਼ੀ ਹਾਲਤ ਵਿੱਚ ਰੱਖੀਆਂ ਗਈਆਂ ਹੋਣ
- ਚੱਲਦੀ ਹਾਲਤ ਵਿਚ ਗਰਮ ਅਤੇ ਠੰਡਾ ਪਾਣੀ ਅਤੇ ਸੀਵਰੇਜ ਸਿਸਟਮ
- ਹੀਟਿੰਗ ਸੁਵਿਧਾਵਾਂ ਵਧੀਆ ਕੰਮਕਾਜ਼ੀ ਹਾਲਤ ਵਿੱਚ ਰੱਖੀਆਂ ਗਈਆਂ ਹੋਣ
- ਇਲੈਕਟ੍ਰਿਕ ਲਾਈਟਿੰਗ ਅਤੇ ਵਾਇਰਿੰਗ ਵਧੀਆ ਕੰਮਕਾਜ਼ੀ ਹਾਲਤ ਵਿੱਚ ਰੱਖੀਆਂ ਗਈਆਂ ਹੋਣ
- ਇਮਾਰਤਾਂ, ਮੈਦਾਨ, ਸਾਂਝੇ ਖੇਤਰ ਸਾਫ਼-ਸੁਥਰੇ ਅਤੇ ਸਵੱਛ ਹੋਣ, ਅਤੇ ਮਲਬੇ, ਗੰਦਗੀ, ਕੂੜੇ, ਚੂਹਿਆਂ, ਅਤੇ ਕੀੜੇ-ਮਕੌੜਿਆਂ ਤੋਂ ਮੁਕਤ ਹੋਣ
- ਕੂੜਾ ਸੁੱਟਣ ਲਈ ਉਚਿਤ ਥਾਵਾਂ
- ਫਰਸ਼ਾਂ, ਪੌੜੀਆਂ, ਅਤੇ ਰੇਲਿੰਗਾਂ ਨੂੰ ਵਧੀਆ ਹਾਲਤ ਵਿਚ ਰੱਖਿਆ ਗਿਆ ਹੋਵੇ
- ਬਾਹਰੀ ਤਾਲਿਆਂ ਤੇ ਡੈੱਡਬੋਲਟ ਹੋਣ
- ਖਿੜਕੀਆਂ ਉੱਤੇ ਉਚਿਤ ਤਾਲੇ ਹੋਣ

**ਮਕਾਨ ਮਾਲਕ ਨੂੰ ਸਿਹਤ ਅਤੇ ਸੁਰੱਖਿਆ ਕੋਡ (ਸੈਕਸ਼ਨ 17920.3 ਅਤੇ 17920.10) ਵਿੱਚ ਨਿਰਧਾਰਤ ਮਿਆਰਾਂ ਦੀ ਵੀ ਪਾਲਣਾ ਕਰਨੀ ਪਵੇਗੀ। ਜੇਕਰ ਉਪਰੋਕਤ ਹਾਲਾਤ ਮੌਜੂਦ ਹਨ, ਜਾਂ ਜੇ ਯੂਨਿਟ ਕਿਰਾਏਦਾਰਾਂ ਜਾਂ ਲੋਕਾਂ ਦੇ ਜੀਵਨ, ਅੰਗਾਂ, ਸਿਹਤ, ਜਾਇਦਾਦ, ਸੁਰੱਖਿਆ, ਜਾਂ ਭਲਾਈ ਨੂੰ ਖਤਰੇ ਵਿੱਚ ਪਾਉਂਦਾ ਹੈ ਤਾਂ ਕੋਈ ਇਮਾਰਤ ਇਨ੍ਹਾਂ ਕੋਡਾਂ ਦੀ ਪਾਲਣਾ ਨਹੀਂ ਕਰਦੀ ਮੰਨੀ ਜਾਂਦੀ ਹੈ।**



## ਕਿਰਾਏਦਾਰ ਦੀਆਂ ਜ਼ਿੰਮੇਵਾਰੀਆਂ

**ਕੈਲੀਫੋਰਨੀਆ ਸਿਵਲ ਕੋਡ ਸੈਕਸ਼ਨਾਂ 1929 ਅਤੇ 1941.2 ਦੀ ਤਾਮੀਲ ਕਰਦੇ ਹੋਏ, ਕਿਸੇ ਕਿਰਾਏਦਾਰ ਨੂੰ ਨਿਮਨਲਿਖਤ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਹੈ:**

- ਆਪਣੇ ਕਿਰਾਏ 'ਤੇ ਲੈਣ ਵਾਲੇ ਯੂਨਿਟਾਂ, ਅਤੇ ਨਾਲ ਦੀ ਨਾਲ ਸਾਂਝੇ ਖੇਤਰਾਂ ਜਿਵੇਂ ਕਿ ਹਾਲਵੇ ਅਤੇ ਬਾਹਰੀ ਖੇਤਰਾਂ ਦਾ ਵਾਜਬ ਖਿਆਲ ਰੱਖਣਾ।
  - ਉਦਾਹਰਨ ਵਜੋਂ: ਨਿਯਮਿਤ ਤੌਰ 'ਤੇ ਰੱਦੀ ਨੂੰ ਬਾਹਰ ਕੱਢੋ, ਇੱਛਤ ਉਦੇਸ਼ਾਂ ਲਈ ਹੀ ਕਮਰਿਆਂ ਦੀ ਵਰਤੋਂ ਕਰੋ, ਸੰਪਤੀ ਨੂੰ ਖਰਾਬ ਨਾ ਕਰੋ ਜਾਂ ਗੰਭੀਰ ਨੁਕਸਾਨ ਨਾ ਕਰੋ
- ਇਮਾਰਤ ਨੂੰ ਖਰਾਬ ਨਾ ਕਰੋ ਜਾਂ ਉਸਦਾ ਨੁਕਸਾਨ ਜਾਂ ਭੰਨਤੋੜ ਨਾ ਕਰੋ, ਅਤੇ ਨਾ ਹੀ ਕਿਸੇ ਹੋਰ ਨੂੰ ਅਜਿਹਾ ਕਰਨ ਦੀ ਆਗਿਆ ਦਿਓ।
  - ਢਾਂਚੇ ਦੇ ਕਿਸੇ ਵੀ ਭਾਗ, ਰਿਹਾਇਸ਼ੀ ਯੂਨਿਟ, ਸੁਵਿਧਾਵਾਂ, ਸਾਜ਼ੋ-ਸਾਮਾਨ, ਜਾਂ ਉਪਯੋਗਤਾਵਾਂ ਨੂੰ ਨਾ ਹਟਾਓ
- ਗੈਸ, ਇਲੈਕਟ੍ਰਿਕਲ, ਅਤੇ ਪਲੰਬਿੰਗ ਫਿਕਸਚਰਾਂ ਨੂੰ ਉਚਿਤ ਤਰੀਕੇ ਨਾਲ ਵਰਤੋ ਅਤੇ ਚਲਾਓ
- ਕਿਰਾਏਦਾਰਾਂ ਦੀ ਆਪਣੀ ਅਣਗਹਿਲੀ ਜਾਂ ਦੁਰਵਿਵਹਾਰ ਦੇ ਸਿੱਟੇ ਵਜੋਂ ਹੋਣ ਵਾਲੇ ਸਾਰੇ ਨੁਕਸਾਨਾਂ ਦੀ ਮੁਰੰਮਤ ਕਰਵਾਓ, ਅਤੇ ਕਿਸੇ ਵੀ ਅਜਿਹੇ ਵਿਅਕਤੀ ਦੁਆਰਾ ਹੋਏ ਨੁਕਸਾਨ ਦੀ ਮੁਰੰਮਤ ਕਰਵਾਓ, ਜਿਸ ਵਾਸਤੇ ਉਹ ਜ਼ਿੰਮੇਵਾਰ ਹਨ, ਜਿਵੇਂ ਕਿ ਪਰਿਵਾਰ, ਮਹਿਮਾਨ, ਜਾਂ ਪਾਲਤੂ ਜਾਨਵਰ

***ਅਹਿਮ:*** ਕਿਰਾਏਦਾਰਾਂ ਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ ਜੇ ਉਹਨਾਂ ਦੇ ਕਿਰਾਏ ਦੇ ਯੂਨਿਟਾਂ ਨਾਲ ਕੁੱਝ ਖਾਸ ਮਸਲੇ ਹਨ। ਇਹ ਫਲਾਇਰ ਕੇਵਲ ਆਮ ਜਾਣਕਾਰੀ ਵਾਸਤੇ ਹੈ।

## ਵਧੇਰੇ ਜਾਣਕਾਰੀ ਲਈ:

**ਵੈਬਸਾਈਟ:** www.HERACA.org **ਈਮੇਲ:** inquiries@heraca.org **ਫੋਨ:** 510-271-8443